# ਤੱਥਨਾਮਾ: ਭੋਜਨ  ਸੁਰੱਖਿਆ ਦੇ ਹਿਫਾਜ਼ਤੀ ਕਦਮ

## ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮ

ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨ ਸੰਬੰਧੀ ਨਿਯਮਾਂ (ਐੱਸ.ਐੱਫ.ਸੀ.ਆਰ.) [Safe Food for Canadians Regulations (SFCR)] ਤਹਿਤ ਬਹੁਤੇ ਭੋਜਨ ਕਾਰੋਬਾਰਾਂ ਨੂੰ ਭੋਜਨ ਸੰਬੰਧੀ ਹਿਫਾਜ਼ਤੀ ਕਦਮ ਚੁੱਕਣੇ ਪੈਣੇ ਹਨ ਜੋ:

- ਬਰਾਮਦ ਕਰਨ ਜਾਂ ਸੂਬਾਈ ਜਾਂ ਟੈਰੀਟੋਰੀਅਲ ਸਰਹੱਦਾਂ ਤੋਂ ਪਾਰ ਭੇਜਣ ਲਈ ਭੋਜਨ ਤਿਆਰ, ਪ੍ਰਾਸੈੱਸ, ਪ੍ਰਬੰਧਨ, ਪ੍ਰੀਜ਼ਰਵ, ਦਰਜਾਬੰਦੀ, ਸੰਭਾਲ, ਪੈਕ ਜਾਂ ਲੇਬਲ ਕਰਦੇ ਹਨ
- ਬਰਾਮਦ ਕਰਨ ਜਾਂ ਸੂਬਾਈ ਜਾਂ ਟੈਰੀਟੋਰੀਅਲ ਸਰਹੱਦਾਂ ਤੋਂ ਪਾਰ ਭੇਜਣ ਲਈ ਤਾਜ਼ੇ ਫਲ ਜਾਂ ਸਬਜ਼ੀਆਂ ਉਗਾਉਂਦੇ ਜਾਂ ਇਨ੍ਹਾਂ ਦੀ ਫਸਲ ਲੈਂਦੇ ਹਨ
- ਬਰਾਮਦ ਕਰਨ ਜਾਂ ਸੂਬਾਈ ਜਾਂ ਟੈਰੀਟੋਰੀਅਲ ਸਰਹੱਦਾਂ ਤੋਂ ਪਾਰ ਕਿਸੇ ਗੱਡੀ ‘ਤੇ ਭੇਜਣ ਲਈ ਮੱਛੀਆਂ ਸੰਭਾਲਦੇ ਹਨ
- ਖਾਧੇ ਜਾ ਸਕਣ ਵਾਲੇ ਅਜਿਹੇ ਪਸ਼ੂਆਂ ਨੂੰ ਝਟਕਾਉਂਦੇ ਹਨ ਜਿਨ੍ਹਾਂ ਤੋਂ ਬਰਾਮਦ ਕਰਨ ਜਾਂ ਸੂਬਾਈ ਜਾਂ ਟੈਰੀਟੋਰੀਅਲ ਸਰਹੱਦਾਂ ਤੋਂ ਪਾਰ ਭੇਜੇ ਜਾਣ ਲਈ ਮਾਸ-ਪਦਾਰਥ ਹਾਸਲ ਕੀਤੇ ਜਾਂਦੇ ਹੋਣ
- ਖਾਧੇ ਜਾ ਸਕਣ ਵਾਲੇ ਮੀਟ ਉਤਪਾਦਾਂ ਨੂੰ ਉਨ੍ਹਾਂ ਦੀ ਦਰਾਮਦ ਦੀ ਹਾਲਤ ਵਿੱਚ ਸੰਭਾਲਦੇ ਹਨ ਤਾਂ ਜੋ ਭੋਜਨ ਦਾ ਮੁਆਇਨਾ ਕਰਨ ਵਾਲਾ ਕਨੇਡਾ ਦਾ ਅਦਾਰਾ ਸੀ.ਐੱਫ.ਆਈ.ਏ. [Canadian Food Inspection Agency (CFIA)] ਇਨ੍ਹਾਂ ਦਾ ਮੁਆਇਨਾ ਕਰ ਸਕੇ।
- ਭੋਜਨ ਦਰਾਮਦ ਕਰਦੇ ਹਨ

ਨਾਲ ਹੀ, ਬਹੁਤੇ ਕਾਰੋਬਾਰਾਂ ਨੂੰ ਭੋਜਨ ਦੀ ਸੁਰੱਖਿਆ ਨਾਲ ਸੰਬੰਧਤ ਕਦਮ ਇੱਕ ਹਿਫਾਜ਼ਤੀ ਯੋਜਨਾ ਪੀ.ਸੀ.ਪੀ. [preventive control plan (PCP)] ਵਿੱਚ ਦਰਜ ਕਰਨੇ ਪੈਂਦੇ ਹਨ। ਇਸ ਸ਼ਰਤ ਤੋਂ ਹੇਠ ਲਿਖੀਆਂ ਛੋਟਾਂ ਹਨ:

- ਅਜਿਹੇ ਭੋਜਨ (ਮਾਸ-ਉਤਪਾਦ ਜਾਂ ਮੱਛੀ ਤੋਂ ਇਲਾਵਾ) ਬਰਾਮਦਕਾਰ ਜਿਨ੍ਹਾਂ ਨੂੰ ਬਰਾਮਦਕਾਰੀ ਸਰਟੀਫਿਕੇਟ ਦੀ ਲੋੜ ਨਹੀਂ
- ਸਾਲਾਨਾ $100,000 ਜਾਂ ਘੱਟ ਦੀ ਕੁੱਲ ਭੋਜਨ ਵਿਕਰੀ ਵਾਲੇ ਕਾਰੋਬਾਰ। ਇਹ ਛੋਟ ਉਨ੍ਹਾਂ ਕਾਰੋਬਾਰਾਂ ’ਤੇ ਲਾਗੂ ਨਹੀਂ ਹੁੰਦੀ ਜਿਹੜੇ ਖਾਧੇ ਜਾ ਸਕਣ ਵਾਲ਼ੇ ਜਾਨਵਰਾਂ, ਮੀਟ ਉਤਪਾਦਾਂ, ਡੇਅਰੀ ਉਤਪਾਦਾਂ, ਮੱਛੀ, ਅੰਡਿਆਂ, ਅੰਡਿਆਂ ਤੋਂ ਬਣਨ ਵਾਲ਼ੇ ਉਤਪਾਦਾਂ ਜਾਂ ਪ੍ਰਾਸੈੱਸ ਕੀਤੇ ਫ਼ਲਾਂ ਅਤੇ ਸਬਜ਼ੀਆਂ ਬਾਰੇ ਕੋਈ ਵੀ ਗਤੀਵਿਧੀ ਕਰਨ।
- ਜਿਹੜੇ ਕਾਰੋਬਾਰਾਂ ਨੂੰ ਲਿਖਤੀ ਹਿਫਾਜ਼ਤੀ ਯੋਜਨਾ ਦੀ ਲੋੜ ਨਹੀਂ, ਉਨ੍ਹਾਂ ਨੂੰ ਸਵੱਛਤਾ ਅਤੇ ਹਾਨੀਕਾਰਕ ਕੀਟਾਂ ’ਤੇ ਕਾਬੂ ਵਰਗੇ ਹਿਫਾਜ਼ਤੀ ਕਦਮ ਫਿਰ ਵੀ ਚੁੱਕਣੇ ਪੈਣਗੇ

ਹਿਫਾਜ਼ਤੀ ਕਦਮਾਂ ਦੀ ਯੋਜਨਾ ਦਾ ਸਜੀਵ ਸਾਧਨ ਵਰਤਦਿਆਂ ਪਤਾ ਲਾਉ ਕਿ ਤੁਹਾਡੇ ’ਤੇ ਸ੍ਰੋਤ ਦਾ ਪਤਾ ਲਾਉਣ ਦੀਆਂ ਕਿਹੜੀਆਂ ਸ਼ਰਤਾਂ ਲਾਗੂ ਹੁੰਦੀਆਂ ਹਨ। ਇਸ ਨੂੰ ਸਿਰਫ 5 ਮਿੰਟ ਲੱਗਣਗੇ।

### ਭੋਜਨ ਸੁਰੱਖਿਆ ਸੰਬੰਧੀ ਹਿਫਾਜ਼ਤੀ ਕਦਮ

ਹਿਫਾਜ਼ਤੀ ਕਦਮਾਂ ਨਾਲ ਭੋਜਨ ਸੁਰੱਖਿਆ ਨੂੰ ਪੇਸ਼ ਜ਼ੋਖਮਾਂ ਤੋਂ ਬਚਿਆ ਜਾ ਸਕਦਾ ਹੈ ਅਤੇ ਪਲੀਤ ਭੋਜਨ ਦੇ ਬਾਜ਼ਾਰ ਵਿੱਚ ਆਉਣ ਦੀ ਗੁੰਜਾਇਸ਼ ਘਟ ਜਾਂਦੀ ਹੈ, ਭਾਵੇਂ ਉਹ ਕਨੇਡਾ ਵਿੱਚ ਤਿਆਰ ਹੋਣ ਜਾਂ ਬਾਹਰ।

ਹਿਫਾਜ਼ਤੀ ਕਦਮਾਂ ਨਾਲ ਹੇਠ ਲਿਖੇ ਵਰਗੇ ਖੇਤਰਾਂ ਵਿੱਚ ਭੋਜਨ ਸੁਰੱਖਿਆ ਨੂੰ ਪੇਸ਼ ਖ਼ਤਰਿਆਂ ਅਤੇ ਜ਼ੋਖਮਾਂ ਦਾ ਹੱਲ ਹੁੰਦਾ ਹੈ:

- ਸਵੱਛਤਾ ਅਤੇ ਹਾਨੀਕਾਰਕਾਂ ਕੀਟਾਂ ’ਤੇ ਕਾਬੂ

- ਇਲਾਜ ਅਤੇ ਕਾਰਵਾਈਆਂ
- ਸਾਜ਼ੋ-ਸਾਮਾਨ
- ਰੱਖ-ਰਖਾਅ ਅਤੇ ਕਾਰੋਬਾਰਾਂ ਦਾ ਕੰਮ-ਕਾਜ
- ਭੋਜਨ ਦੀ ਲਦਾਈ, ਲਹਾਈ ਅਤੇ ਸੰਭਾਲ
- ਕਰਮਚਾਰੀ ਕਾਰਜ-ਕੁਸ਼ਲਤਾ
- ਕਰਮਚਾਰੀ ਸਵੱਛਤਾ
- ਕਰਮਚਾਰੀ ਸਿਹਤ
- ਸ਼ਿਕਾਇਤਾਂ ਅਤੇ ਸਾਮਾਨ ਵਾਪਸ ਮੰਗਵਾਉਣਾ

### ਪੀ.ਸੀ.ਪੀ. ਕੀ ਹੁੰਦੀ ਹੈ?

ਪੀ.ਸੀ.ਪੀ. ਇੱਕ ਲਿਖਤੀ ਦਸਤਾਵੇਜ਼ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਭੋਜਨ ਅਤੇ ਭੋਜਨ ਲਈ ਵਰਤੇ ਜਾਣ ਵਾਲੇ ਜਾਨਵਰਾਂ ਨਾਲ ਸੰਬਧਤ ਜ਼ੋਖਮਾਂ ਦੀ ਪਛਾਣ ਅਤੇ ਇਨ੍ਹਾਂ 'ਤੇ ਕਾਬੂ ਕਿਵੇਂ ਕੀਤਾ ਜਾਂਦਾ ਹੈ। ਕਾਬੂ ਦੇ ਇਹ ਕਦਮ ਅੰਤਰ-ਰਾਸ਼ਟਰੀ ਤੌਰ ਤੇ ਮਾਨਤਾ-ਪ੍ਰਾਪਤ ਖ਼ਤਰੇ ਦਾ ਅੰਦਾਜ਼ਾ ਲਾਉਣ ਵਾਲ਼ੇ ਹੰਗਾਮੀ ਪੱਧਰ [Hazard Analysis Critical Control Point (HACCP)] ਦੇ ਸਿਧਾਂਤਾਂ ਉੱਤੇ ਆਧਾਰਾਤ ਹੁੰਦੇ ਹਨ। ਪੀ.ਸੀ.ਪੀ. ਵਿੱਚ ਪੈਕੇਜਿੰਗ, ਲੇਬਲਿੰਗ, ਦਰਜਾਬੰਦੀ ਅਤੇ ਸ਼ਨਾਖਤ ਦੇ ਮਾਣਕਾਂ ਨਾਲ ਸੰਬੰਧਤ ਚੁੱਕੇ ਗਏ ਕਦਮਾਂ ਦਾ ਵੇਰਵਾ ਵੀ ਹੁੰਦਾ ਹੈ।

ਦਰਾਮਦਕਾਰਾਂ ਲਈ ਪੀ.ਸੀ.ਪੀ. ਵਰਣਨ ਕਰਦੀ ਹੈ ਕਿ ਦਰਾਮਦਕਾਰ ਅਤੇ ਉਸਦੇ ਵਿਦੇਸ਼ੀ ਸਪਲਾਇਅਰ ਭੋਜਨ ਸੁਰੱਖਿਆ ਸੰਬੰਧੀ ਹਿਫਾਜ਼ਤੀ ਕਦਮਾਂ ਬਾਰੇ ਸ਼ਰਤਾਂ ਕਿਵੇਂ ਪੂਰੀਆਂ ਕਰ ਰਹੇ ਹਨ।

### ਇਹ ਅਹਿਮ ਕਿਉਂ ਹੈ

**ਸੁਰੱਖਿਅਤ** ਭੋਜਨ ਤਿਆਰ ਕਰਨ, ਬਰਾਮਦ ਕਰਨ ਅਤੇ ਦਰਾਮਦ ਕਰਨ ਦੀ ਜ਼ਿੰਮੇਵਾਰੀ ਉਦਯੋਗ ਦੀ ਹੈ। ਭੋਜਨ ਸੁਰੱਖਿਆ ਸੰਬੰਧੀ ਹਿਫਾਜ਼ਤੀ ਕਦਮ ਉਤਪਾਦ ਤਿਆਰ ਕਰਨ ਦੀ ਕਾਰਵਾਈ ਵਿੱਚ ਮਸਲਿਆਂ ਦਾ ਪਤਾ ਲਾਉਣ ਅਤੇ ਇਨ੍ਹਾਂ ਦਾ ਹੱਲ ਕਰਨ ਵਿੱਚ ਕਾਰੋਬਾਰਾਂ ਦੀ ਮਦਦ ਕਰਦੇ ਹਨ।

ਹਾਲਾਂਕਿ ਕਈ ਭੋਜਨ ਕਾਰੋਬਾਰਾਂ ਵਿੱਚ ਪਹਿਲਾਂ ਤੋਂ ਹੀ ਸੁਰੱਖਿਆਤਮਕ ਕਦਮ ਲਾਗੂ ਹਨ, ਭੋਜਨ ਸੁਰੱਖਿਆ ਲੋੜਾਂ ਨੂੰ ਹੋਰ ਵਿਸਤਾਰ ਵਿੱਚ ਲਾਗੂ ਕਰਨ ਨਾਲ ਸਾਰੇ ਖੇਤਰਾਂ ਵਿੱਚ ਭੋਜਨ ਦੀ ਸੁਰੱਖਿਆ ਵਧਦੀ ਹੈ। ਇਸ ਨਾਲ ਕਨੇਡਾ-ਵਾਸੀਆਂ ਦੀ ਸੁਰੱਖਿਆ ਵਧਦੀ, ਮਹਿੰਗੇ ਭਾਅ ਸਮਾਨ ਵਾਪਸ ਮੰਗਵਾਉਣ ਤੋਂ ਬਚਾਅ ਹੁੰਦਾ, ਅਤੇ ਅਜਿਹੇ ਮੁਲਕਾਂ ਵਿੱਚ ਮੰਡੀ ਤਕ ਰਸਾਈ ਯਕੀਨੀ ਬਣਦੀ ਹੈ ਜਿਨ੍ਹਾਂ ਵਿੱਚ ਭੋਜਨ ਦੀ ਹਿਫਾਜ਼ਤ ਸੰਬੰਧੀ ਇਸੇ ਹੀ ਤਰ੍ਹਾਂ ਦੇ ਕਦਮ ਅਤੇ ਸੁਰੱਖਿਆ ਸੰਬੰਧੀ ਲਾਜ਼ਮੀ ਪ੍ਰਣਾਲਈਆਂ ਲਾਗੂ ਹਨ।

ਵਧੇਰੇ ਜਾਣਕਾਰੀ ਲਈ www.inspection.gc.ca/safefood ਵੇਖੋ।

**ਤੁਹਾਡੀ ਹੇਠ ਲਿਖਿਆਂ ਵਿੱਚ ਵੀ ਦਿਲਚਸਪੀ ਹੋ ਸਕਦੀ ਹੈ:**

- ਵਿਡੀਓ: ਕਨੇਡਾ-ਵਾਸੀਆਂ ਲਈ ਸੁਰੱਖਿਅਤ ਭੋਜਨਾ ਸੰਬੰਧੀ ਨਿਯਮਾਂ ਵਾਸਤੇ ਤਿਆਰੀ ਖਿੱਚਣਾ
- ਹਿਫਾਜ਼ਤੀ ਕਦਮਾਂ ਦੀ ਯੋਜਨਾ ਦਾ ਸਜੀਵ ਸਾਧਨ
- ਘਰੇਲੂ ਭੋਜਨ ਕਾਰੋਬਾਰਾਂ ਲਈ - ਹਿਫਾਜ਼ਤੀ ਕਦਮਾਂ ਦੀ ਯੋਜਨਾ ਬਣਾਉਣ ਬਾਰੇ ਇੱਕ ਇੱਕ ਸੇਧ ਪੁਸਤਕ
- ਘਰੇਲੂ ਭੋਜਨ ਕਾਰੋਬਾਰਾਂ ਲਈ ਹਿਫਾਜ਼ਤੀ ਕਦਮਾਂ ਦੀ ਯੋਜਨਾ ਦੇ ਤਿਆਰ ਖਾਕੇ
- ਦਰਾਮਦਕਾਰਾਂ ਲਈ – ਹਿਫਾਜ਼ਤੀ ਕਦਮਾਂ ਦੀ ਯੋਜਨਾ ਬਣਾਉਣ ਬਾਰੇ ਇੱਕ ਸੇਧ-ਪੁਸਤਕ
- ਹਿਫਾਜ਼ਤੀ ਕਦਮਾਂ ਦੀ ਯੋਜਨਾ (ਪੀ.ਸੀ.ਪੀ.) ਦੇ ਤਿਆਰ ਖਾਕੇ – ਦਰਾਮਦਕਾਰਾਂ ਲਈ
- ਕਾਨੂੰਨੀ ਸ਼ਰਤਾਂ: ਹਿਫਾਜ਼ਤੀ ਕਦਮ
- ਕਾਨੂੰਨੀ ਸ਼ਰਤਾਂ: ਹਿਫਾਜ਼ਤੀ ਕਦਮਾਂ ਦੀ ਯੋਜਨਾ
- ਇੰਫੋਗ੍ਰਾਫਿਕ: ਮੁੱਖ ਹਿਫਾਜ਼ਤੀ ਕਦਮ
- ਸਵਾਲ ਅਤੇ ਜਵਾਬ: ਹਿਫਾਜ਼ਤੀ ਕਦਮ ਅਤੇ ਹਿਫਾਜ਼ਤੀ ਕਦਮਾਂ ਦੀਆਂ ਯੋਜਨਾਵਾਂ
- ਸ਼ੁਰੂਆਤ: ਕਾਰੋਬਾਰਾਂ ਲਈ ਸਾਧਨਾਂ ਦੀ ਕਿੱਟ